ਸਤੰਬਰ-ਦਸੰਬਰ 2023

ਜਿਲਦ-1

ਅੰਕ-2

ISSN 2584-0509

ਅੰਤਰ ਰਾਸ਼ਟਰੀ ਪੰਜਾਬੀ ਪੀਅਰ ਰੀਵਿਊਡ/ਰੈਫ਼ਰੀਡ ਸਾਹਿਤਕ ਅਤੇ ਖੋਜ ਜਰਨਲ

# ਖੋਜਨਾਮਾ

ਸੰਪਾਦਕ

ਡਾ. ਜਸਵਿੰਦਰ ਸਿੰਘ ਬਰਾੜ

# ਪੰਜਾਬੀ ਲੋਕਧਾਰਾ ਅਤੇ ਸੰਚਾਰ ਮਾਧਿਅਮ: ਬਦਲਦੇ ਪਰਿਪੇਖ



ਡਾ. ਹਰਜਿੰਦਰ ਸਿੰਘ
ਸਹਾਇਕ ਪ੍ਰੋਫੈਸਰ,
ਪੰਜਾਬੀ ਅਤੇ ਡੋਗਰੀ ਵਿਭਾਗ
ਹਿਮਾਚਲ ਪ੍ਰਦੇਸ਼ ਕੇਂਦਰੀ
ਯੂਨੀਵਰਸਿਟੀ, ਧਰਮਸ਼ਾਲਾ।
hjsgcm1980@gmai.com

ਲੋਕਧਾਰਾ ਕਿਸੇ ਵਿਸ਼ੇਸ਼ ਭੂਗੋਲਿਕ-ਖਿੱਤੇ ਵਿਚ ਵਸਦੇ ਲੋਕ-ਸਮੂਹ ਦੁਆਰਾ ਸਿਰਜੀ ਅਤੇ ਪ੍ਰਵਾਨ ਕੀਤੀ ਅਜਿਹੀ ਜੀਵਨ-ਜਾਚ ਹੁੰਦੀ ਹੈ ਜੋ ਸਮੇਂ ਦੇ ਨਾਲ-ਨਾਲ ਬਦਲਦੀ ਹੋਈ ਪੀੜ੍ਹੀ ਦਰ ਪੀੜ੍ਹੀ ਉਸ ਖਿਤੇ ਦੇ ਬਸ਼ਿੰਦਿਆਂ ਦੀ ਸਮਾਜ-ਸਭਿਆਚਾਰਕ ਅਗਵਾਈ ਕਰਦੀ ਰਹਿੰਦੀ ਹੈ। "ਮਨੁੱਖ ਨੂੰ ਜਿਉਣ ਲਈ ਕੁਦਰਤ ਅਤੇ ਚੌਗਿਰਦੇ ਨਾਲ ਜੁੜਨਾ ਜ਼ਰੂਰੀ ਹੈ। ਇਸ ਲਈ ਲੋਕਧਾਰਾ ਦੀ ਸਿਰਜਣਾ ਵੀ ਜ਼ਰੂਰੀ ਬਣ ਜਾਂਦੀ ਹੈ। ਮਨੁੱਖ ਚੌਗਿਰਦੇ ਨੂੰ ਆਪਣੀਆਂ ਲੋੜਾਂ ਅਨੁਸਾਰ ਢਾਲਣ ਲਈ ਲਗਾਤਾਰ ਗਤੀਸ਼ੀਲ ਰਹਿੰਦਾ ਹੈ। ਇਸ ਲਈ ਲੋਕਧਾਰਾ ਦੀ ਸਿਰਜਣਾ ਸਹਿਜ ਰੂਪ ਵਿਚ ਨਿਰੰਤਰ ਹੁੰਦੀ ਰਹਿੰਦੀ ਹੈ।"[1] ਜਿਉਂ-ਜਿਉਂ ਮਨੁੱਖ ਦੀਆਂ ਲੋੜਾਂ ਦੀ ਪ੍ਰਕਿਰਤੀ ਅਤੇ ਦਿਸ਼ਾ ਬਦਲਦੀ ਜਾਂਦੀ ਹੈ ਤਿਉਂ-ਤਿਉਂ ਲੋਕਧਾਰਾ ਦੀ ਪ੍ਰਕਿਰਤੀ ਅਤੇ ਪ੍ਰਯੋਜਨ ਵਿਚ ਵੀ ਤਬਦੀਲੀ ਆਉਂਦੀ ਰਹਿੰਦੀ ਹੈ। ਜਿਹੋ ਜਿਹੀਆਂ ਆਰਥਿਕ, ਸਮਾਜਿਕ ਅਤੇ ਸਭਿਆਚਾਰਕ ਸਥਿਤੀਆਂ/ਪਰਿਸਥਿਤੀਆਂ ਵਿਚ ਮਨੁੱਖ ਜੀਵਨ ਜਿਉਂ ਰਿਹਾ ਹੁੰਦਾ ਹੈ ਉਹੋ ਜਿਹੀ ਹੀ ਉਸ ਦੀ ਮਨੋ-ਸਥਿਤੀ ਬਣਦੀ ਰਹਿੰਦੀ ਹੈ। ਇਹ ਮਨੋ-ਸਥਿਤੀ ਹੀ ਲੋਕਧਾਰਾ ਦੀ ਸਿਰਜਣਾ ਲਈ ਆਧਾਰ ਦਾ ਕੰਮ ਕਰਦੀ ਹੈ। ਇਸ ਤਰ੍ਹਾਂ ਲੋਕਧਾਰਾ ਸਮੇਂ, ਸਥਾਨ ਅਤੇ ਦਰਪੇਸ਼ ਸਥਿਤੀਆਂ/ਪਰਿਸਥਿਤੀਆਂ ਦੇ ਸੰਦਰਭ ਵਿਚ ਲੋਕ-ਸਮੂਹ ਦੀ ਮਨੋ-ਸਥਿਤੀ ਦੇ ਪ੍ਰਗਟਾਅ ਰੂਪ ਵਜੋਂ ਦ੍ਰਿਸ਼ਟੀਗੋਚਰ ਹੁੰਦੀ ਹੈ। ਲੋਕ-ਸਮੂਹ ਦੀਆਂ 'ਜਿਉਣ ਹਾਲਤਾਂ' ਪੈਦਾਵਾਰ ਦੇ ਸਾਧਨਾਂ, ਸੰਦਾਂ, ਰਿਸ਼ਤਿਆਂ ਅਤੇ ਸਮੱਗਰੀ ਦੇ ਬਦਲਣ ਨਾਲ ਬਦਲਦੀਆਂ ਰਹਿੰਦੀਆਂ ਹਨ। ਇਨ੍ਹਾਂ 'ਜਿਉਣ-ਹਾਲਤਾਂ' ਦੇ ਅੰਤਰਗਤ ਲੋਕਧਾਰਾ ਦੀ ਸਿਰਜਣ ਪ੍ਰਕਿਰਿਆ ਤੇ ਸੰਚਾਰ ਪ੍ਰਕਿਰਿਆ ਵਿਚ ਵੀ ਬਦਲਾਅ ਵਾਪਰਦੇ ਰਹਿੰਦੇ ਹਨ। ਇਉਂ ਲੋਕਧਾਰਾ ਨਿਰੰਤਰ ਬਦਲਣਸ਼ੀਲ ਵਰਤਾਰਾ ਹੋਣ ਕਰਕੇ "ਨਾ ਸਿਰਫ਼ ਲੋਕਧਾਰਾ ਦੇ ਵਿਸ਼ੇ ਬਦਲਦੇ ਹਨ ਸਗੋਂ ਇਸ ਦੇ ਸੰਚਾਰ ਮਾਧਿਅਮ ਵੀ ਬਦਲੇ ਹਨ ਅਤੇ ਸੰਚਾਰ ਵੰਨਗੀਆਂ ਅਤੇ ਰੂਪਾਕਾਰ ਵੀ। ਨਵੀਂ ਸੂਚਨਾ ਅਤੇ ਸੰਚਾਰ ਤਕਨੋਲੋਜੀ ਨੇ ਜਿਵੇਂ ਸਾਡੇ ਸਮੁੱਚੇ ਚਿੰਤਨ ਅਤੇ ਸੰਚਾਰ ਨੂੰ ਵੱਡੀ ਪੱਧਰ 'ਤੇ ਤਬਦੀਲ ਕੀਤਾ ਹੈ। ਲੋਕਧਾਰਾ ਇਸ ਤੋਂ ਅਭਿੱਜ ਨਹੀਂ ਰਹਿ ਸਕੀ, ਪਰ ਮਨੁੱਖ ਦੀ ਸਮੂਹਿਕ ਜੀਵਨ ਸ਼ੈਲੀ ਕਿਸੇ ਨਾ ਕਿਸੇ ਪੱਧਰ 'ਤੇ ਬਦਲਵੇਂ ਰੂਪ ਵਿਚ ਬਰਕਰਾਰ ਰਹੇਗੀ, ਤਿਵੇਂ ਹੀ ਲੋਕਧਾਰਾ ਦੀਆਂ ਪੁਰਾਣੀਆਂ ਵੰਨਗੀਆਂ ਦਾ ਰੂਪਾਂਤਰਨ ਅਤੇ ਨਵੀਆਂ ਵੰਨਗੀਆਂ ਦੀ ਸਿਰਜਣਾ ਦਾ ਅਮਲ ਵੀ ਨਿਰੰਤਰ ਜਾਰੀ ਹੈ ਅਤੇ ਰਹੇਗਾ।"[2] ਇਸ ਤਰ੍ਹਾਂ ਪਰਿਵਰਤਨ ਦੇ ਗੁਣ ਸਦਕਾ ਲੋਕਧਾਰਾ ਨਵੇਂ ਰੂਪਾਂ, ਵਿਸ਼ਿਆਂ ਤੇ ਸਮੱਗਰੀ ਨੂੰ ਨਾ-ਕੇਵਲ ਗ੍ਰਹਿਣ ਕਰਦੀ ਰਹਿੰਦੀ ਹੈ ਸਗੋਂ ਵੇਲਾ-ਵਹਾਅ ਚੁੱਕੇ ਰੂਪਾਂ, ਵਿਸ਼ਿਆਂ ਤੇ ਸਮੱਗਰੀ ਨੂੰ ਤਿਆਗਦੀ ਹੋਈ ਨਵੇਂ ਯੁਗ ਦੀ ਹਾਣੀ ਵੀ ਬਣੀ ਰਹਿੰਦੀ ਹੈ। ਇੱਕੀਵੀਂ ਸਦੀ ਵਿਚ ਵਿਗਿਆਨ ਤਕਨੋਲੋਜੀ ਦੇ ਖੇਤਰ ਵਿਚ ਹੋਈ ਬੇਤਹਾਸ਼ਾ ਤੇ

ਬੇਮਿਸਾਲ ਤਕਨੀਕੀ ਤਰੱਕੀ ਨੇ ਜੀਵਨ ਦੇ ਹਰ ਵਰਤਾਰੇ ਦੇ ਨਾਲ-ਨਾਲ ਲੋਕਧਾਰਾ ਦੀ ਸਿਰਜਣ ਤੇ ਸੰਚਾਰ ਪ੍ਰਕਿਰਿਆ ਨੂੰ ਵੀ ਬੇਹੱਦ ਪ੍ਰਭਾਵਿਤ ਕੀਤਾ ਹੈ। ਅਜੋਕੇ ਅਤਿ-ਤਕਨੀਕੀ ਬਿਜਲਈ ਸੰਚਾਰ ਸਾਧਨਾਂ ਅਤੇ ਤੇਜ਼-ਤਰਾਰ ਆਵਾਜਾਈ ਦੇ ਸਾਧਨਾਂ ਸਦਕਾ ਪੂਰਾ ਵਿਸ਼ਵ ਸੁੰਗੜ ਕੇ 'ਵਿਸ਼ਵੀ-ਪਿੰਡ' ਬਣ ਗਿਆ ਹੈ, ਜਿਸ ਕਾਰਨ ਦੂਰ-ਦੁਰਾਡੇ ਦੇ ਵਿਭਿੰਨ ਮੁਲਕਾਂ ਅਤੇ ਕੌਮਾਂ ਦੇ ਸਭਿਆਚਾਰ ਅਤੇ ਲੋਕਧਾਰਾ ਦੇ ਆਪਸ ਵਿਚ ਰਚਮਿਚ ਜਾਣ ਦੀਆਂ ਸੰਭਾਵਨਾਵਾਂ ਪੈਦਾ ਹੋਈਆਂ ਹਨ। ਇਨ੍ਹਾਂ ਸੰਭਾਵਨਾਵਾਂ ਨੂੰ ਜਿਥੇ ਰੇਡੀਓ, ਟੈਲੀਵਿਜ਼ਨ, ਸਿਨੇਮਾ, ਕੰਪਿਊਟਰ, ਇੰਟਰਨੈੱਟ, ਮੋਬਾਇਲ ਤੇ ਸ਼ੋਸ਼ਲ-ਮੀਡੀਆ ਦੇ ਵਿਭਿੰਨ ਮਾਧਿਅਮਾਂ ਨੇ ਸਾਕਾਰ ਕੀਤਾ ਹੈ ਉਥੇ ਕਈ ਤਰ੍ਹਾਂ ਦੇ ਅੰਤਰ-ਦਵੰਦ ਵੀ ਪੈਦਾ ਕੀਤੇ ਹਨ। ਇਕ ਪਾਸੇ ਜਿਥੇ ਅਤਿ-ਵਿਕਸਿਤ ਵਿਗਿਆਨਕ ਤਕਨੋਲੋਜੀ ਦੇ ਤਕਨੀਕੀ ਸੰਚਾਰ ਸਾਧਨਾਂ ਨੇ ਪੂਰੇ ਵਿਸ਼ਵ ਦੇ ਵਿਭਿੰਨ ਮੁਲਕਾਂ ਅਤੇ ਭੂਗੋਲਿਕ ਖਿੱਤਿਆਂ ਦੇ ਲੋਕ-ਸਮੂਹਾਂ ਵਿਚਕਾਰ ਲੋਕਧਾਰਾਈ ਦ੍ਰਿਸ਼ਟੀ ਤੋਂ ਆਪਸੀ ਸੰਵਾਦ ਦੇ ਰਾਹ ਖੋਲ੍ਹੇ ਹਨ ਉਥੇ ਦੂਜੇ ਪਾਸੇ ਮੰਡੀਵਾਦੀ ਦ੍ਰਿਸ਼ਟੀ ਤੋਂ ਅਤਿ-ਵਿਕਸਿਤ ਪੂੰਜੀਵਾਦੀ ਮੁਲਕਾਂ ਦੀ ਨਾ-ਕੇਵਲ ਸਭਿਆਚਾਰਕ ਤੇ ਲੋਕਧਾਰਾਈ ਅਜ਼ਾਰੇਦਾਰੀ ਸਥਾਪਿਤ ਕਰਨ ਵਿਚ ਅਹਿਮ ਭੂਮਿਕਾ ਨਿਭਾਈ ਹੈ ਸਗੋਂ ਅਵਿਕਸਿਤ ਤੇ ਵਿਕਾਸਸ਼ੀਲ ਮੁਲਕਾਂ ਦੇ ਲੋਕ-ਸਮੂਹਾਂ ਦੀਆਂ ਸਭਿਆਚਾਰਕ ਤੇ ਲੋਕਧਾਰਾਈ ਪਛਾਣਾਂ ਨੂੰ ਖੋਰਣ ਦਾ ਕਾਰਜ ਵੀ ਕੀਤਾ ਹੈ।

ਅਸਲ ਵਿਚ 'ਵਿਸ਼ਵੀ-ਪਿੰਡ' ਦੇ ਹੋਂਦ ਵਿਚ ਆਉਣ ਨਾਲ ਇਸ ਪਿੰਡ ਦੇ ਕੇਂਦਰ ਵਿਚ ਇਕ 'ਵਿਸ਼ਵੀ-ਮੰਡੀ' ਵੀ ਹੋਂਦ ਵਿਚ ਆ ਗਈ ਹੈ। 'ਵਿਸ਼ਵੀ-ਮੰਡੀ' ਦਾ ਖ਼ਾਸਾ ਕਿਉਂਕਿ ਮੁਨਾਫ਼ੇ ਨਾਲ ਜੁੜਿਆ ਹੋਇਆ ਹੈ। ਇਸ ਲਈ ਇਸ ਮੰਡੀ ਦੇ ਝਰੋਖੇ ਵਿਚੋਂ ਹਰ ਵਸਤੂ ਅਤੇ ਵਰਤਾਰੇ ਨੂੰ ਕਾਰੋਬਾਰੀ ਅੱਖ ਨਾਲ ਵੇਖਿਆ ਜਾਂਦਾ ਹੈ। "ਵਧੇਰੇ ਮੁਨਾਫ਼ਾ ਕਮਾਉਣ ਦੀ ਲਾਲਸਾ ਤਹਿਤ ਮਲਟੀਨੈਸ਼ਨਲ ਕੰਪਨੀਆਂ ਦੇ ਪੂੰਜੀਪਤੀ 'ਸੰਚਾਲਕ' ਮੀਡੀਏ ਦਾ ਸਹਾਰਾ ਲੈ ਰਹੇ ਹਨ। ਪੁਸਤਕਾਂ, ਮੈਗਜ਼ੀਨਾਂ, ਰੇਡੀਓ, ਟੈਲੀਵਿਜ਼ਨ ਦੇ ਵਿਭਿੰਨ ਚੈਨਲ, ਫਿਲਮਾਂ, ਕੰਪਿਊਟਰ, ਇੰਟਰਨੈੱਟ ਤੇ ਹੋਰ ਬਿਜਲਈ ਸੰਚਾਰ ਸਾਧਨ ਸਮੁੱਚੀ ਦੁਨੀਆਂ ਦੇ ਜੀਵਨ-ਵਿਹਾਰ ਨੂੰ ਬੜੀ ਤੇਜ਼ੀ ਨਾਲ ਤਬਦੀਲ ਕਰ ਰਹੇ ਹਨ। ਅੱਜ ਦਾ ਬਹੁਤਾ ਮੀਡੀਆ (ਪ੍ਰਿੰਟ ਤੇ ਇਲੈਕਟ੍ਰੋਨਿਕ) ਵਿਦਵਾਨ ਸੰਪਾਦਕਾਂ ਜਾਂ ਕੁਸ਼ਲ ਨਿਰਦੇਸ਼ਕਾਂ ਦੁਆਰਾ ਨਹੀਂ ਚਲਾਇਆ ਜਾ ਰਿਹਾ ਸਗੋਂ ਇਸ ਨੂੰ ਬਾਜ਼ਾਰ (ਮੰਡੀ) ਚਲਾ ਰਿਹਾ ਹੈ। ਮਲਟੀਨੈਸ਼ਨਲ ਕੰਪਨੀਆਂ ਦੇ ਪੂੰਜੀਪਤੀ ਮਾਲਕਾਂ ਦੁਆਰਾ ਆਪਣੀਆਂ ਵਸਤਾਂ ਨੂੰ ਬਾਜ਼ਾਰ/ਮੰਡੀ ਵਿਚ ਵੇਚਣ ਲਈ ਮੀਡੀਏ ਉਤੇ ਕੰਟਰੋਲ ਕਰਕੇ ਮੀਡੀਏ ਰਾਹੀਂ ਇਕ ਅਜਿਹਾ ਭ੍ਰਾਂਤੀਮੂਲਕ ਸੱਚ ਪੇਸ਼ ਕੀਤਾ ਜਾ ਰਿਹਾ ਹੈ ਜਿਸ ਦਾ ਅਸਲੀਅਤ ਨਾਲ ਕੋਈ ਸਰੋਕਾਰ ਨਹੀਂ ਹੈ।"[3] ਇਉਂ ਮਲਟੀਨੈਸ਼ਨਲ ਕੰਪਨੀਆਂ ਤੀਸਰੀ ਦੁਨੀਆਂ ਦੇ ਅਵਿਕਸਿਤ ਤੇ ਵਿਕਾਸਸ਼ੀਲ ਮੁਲਕਾਂ ਦੀਆਂ

ਸਭਿਆਚਾਰਕ ਤੇ ਲੋਕਧਾਰਾਈ ਕਦਰਾਂ-ਕੀਮਤਾਂ ਨੂੰ ਸਮਝ ਕੇ ਉਥੋਂ ਦੇ ਜਨ-ਮਾਨਸ ਦੀ ਸਮੂਹਿਕ ਮਨੋ-ਸਥਿਤੀ ਨੂੰ ਤਬਦੀਲ ਕਰਨ ਹਿੱਤ ਖਪਤਵਾਦੀ ਸਭਿਆਚਾਰ ਤੇ ਲੋਕਧਾਰਾ ਦਾ ਪ੍ਰਚਾਰ ਤੇ ਪ੍ਰਸਾਰ ਕਰ ਰਹੀਆਂ ਹਨ। ਜਿਸ ਦੇ ਪ੍ਰਤੀਫਲ ਵਜੋਂ ਵਿਸ਼ਵ-ਪੱਧਰ 'ਤੇ ਨਾ-ਕੇਵਲ ਸਭਿਅਤਾ ਸਗੋਂ ਸਭਿਆਚਾਰ ਤੇ ਲੋਕਧਾਰਾ ਦੇ ਪਰਿਪੇਖ ਵੀ ਬਦਲ ਰਹੇ ਹਨ। ਇਹ ਸਮੁੱਚਾ ਵਰਤਾਰਾ ਪੰਜਾਬੀ ਲੋਕਧਾਰਾ ਨੂੰ ਵੀ ਕਈ ਪੱਧਰਾਂ ਤੋਂ ਪ੍ਰਭਾਵਿਤ ਕਰ ਰਿਹਾ ਹੈ। ਪੰਜਾਬ ਆਪਣੀ ਲੋਕਧਾਰਾਈ ਅਮੀਰੀ ਸਦਕਾ ਵਿਸ਼ਵ ਪੱਧਰ 'ਤੇ ਵਿਲੱਖਣ ਪਛਾਣ ਦਾ ਧਾਰਣੀ ਰਿਹਾ ਹੈ। ਇਸੇ ਲੋਕਧਾਰਾਈ ਅਮੀਰੀ ਅਤੇ ਵਿਲੱਖਣ ਪਛਾਣ ਨੂੰ ਸਾਕਾਰ ਕਰਨ ਵਾਲੇ ਲੋਕਧਾਰਾਈ ਚਿਹਨਾਂ ਨੂੰ ਮੰਡੀ ਦੀ ਦ੍ਰਿਸ਼ਟੀ ਤੋਂ ਵਰਤ ਕੇ ਬਹੁਕੌਮੀ ਕੰਪਨੀਆਂ ਨੇ ਹਰ ਜਾਇਜ਼-ਨਾਜਾਇਜ਼ ਢੰਗ ਨਾਲ ਪੰਜਾਬੀ ਲੋਕਧਾਰਾ ਨਾਲ ਸੰਬੰਧਿਤ ਇਤਿਹਾਸਕ/ਮਿਥਿਹਾਸਕ ਸਮੱਗਰੀ ਨੂੰ ਤੋੜ-ਮਰੋੜ ਕੇ ਜਾਂ ਰੂਪਾਂਤਰਤ ਕਰਕੇ ਆਪਣੀਆਂ ਵਸਤੂਆਂ ਨੂੰ ਵੇਚਣ ਲਈ ਮੀਡੀਏ ਰਾਹੀਂ ਮੰਡੀ ਵਿਚ ਪਰੋਸਿਆ ਹੈ। ਇਸ ਤਰ੍ਹਾਂ ਮੀਡੀਏ ਤੇ ਸੰਚਾਰ ਸਾਧਨਾਂ ਜ਼ਰੀਏ ਅਜਿਹਾ ਵਪਾਰਕ ਜਾਲ ਵਿਛਾਇਆ ਗਿਆ ਹੈ ਜੋ ਬੋਲਾਂ ਦੀ ਪੱਧਰ 'ਤੇ ਤਾਂ ਪੰਜਾਬੀ ਸਭਿਆਚਾਰ ਤੇ ਲੋਕਧਾਰਾ ਦੇ ਗੁਣ ਗਾਉਂਦਾ ਹੈ ਪਰੰਤੂ ਫਿਲਮਾਂਕਣ ਦੀ ਪੱਧਰ 'ਤੇ ਬਾਜ਼ਾਰ ਦੇ ਚਿੰਨ੍ਹਾਂ/ਵਸਤੂਆਂ ਨੂੰ ਖਰੀਦਣ ਲਈ ਪੰਜਾਬੀ ਸਰੋਤੇ/ਦਰਸ਼ਕ/ਪਾਠਕ ਨੂੰ ਗ੍ਰਾਹਕ ਜਾਂ ਉਪਭੋਗਤਾ ਵਜੋਂ ਆਕਰਸ਼ਿਤ ਕਰਦਾ ਹੈ। ਪੰਜਾਬੀਆਂ ਦੀ ਖੁਲ੍ਹ-ਦਿਲ੍ਹੀ/ਦਰਿਆ-ਦਿਲ੍ਹੀ ਨੂੰ ਅਜਿਹੇ ਪਦਾਰਥਕ ਸੁਖਾਂ ਦੀ ਜਾਗ ਲਾਈ ਜਾਂਦੀ ਹੈ ਕਿ ਉਹ ਚਮਕਦੇ-ਦਮਕਦੇ ਸ਼ਾਪਿੰਗ ਮਾਲਾਂ/ਸ਼ਾਪਿੰਗ ਕੰਪਲੈਕਸਾਂ ਦੀ ਚਮਕ-ਦਮਕ ਵਿਚ ਚਕਾਚੌਂਧ ਹੋਇਆ ਮਲਟੀਨੈਸ਼ਨਲ ਕੰਪਨੀਆਂ ਦੇ ਵਿਛਾਏ ਜਾਲ ਵਿਚ ਨਾ ਚਾਹੁੰਦੇ ਹੋਇਆਂ ਵੀ ਫਸ ਜਾਂਦਾ ਹੈ। ਇਉਂ ਅਤਿ-ਵਿਕਸਿਤ ਤਕਨੀਕੀ ਸੰਚਾਰ ਸਾਧਨਾਂ ਜ਼ਰੀਏ ਗਿਆਨ, ਵਿਗਿਆਨ ਅਤੇ ਤਕਨੋਲੋਜੀ ਦੇ ਹੁੰਦੇ ਆਦਾਨ-ਪ੍ਰਦਾਨ ਸਦਕਾ ਪੈਦਾ ਹੋਈ ਅਲਟਰਾ ਮਾਡਰਨ ਸੋਚ ਨੇ ਪੰਜਾਬੀ ਲੋਕਧਾਰਾ ਦੇ ਸਿਰਜਕ ਪੰਜਾਬੀ ਜਨ-ਮਾਨਸ ਦੀ ਮਾਨਸਿਕਤਾ ਵਿਚ ਢੇਰ ਸਾਰੀਆਂ ਤਬਦੀਲੀਆਂ ਕੀਤੀਆਂ ਹਨ, ਜਿਸ ਦੇ ਪ੍ਰਤੀਫਲ ਵਜੋਂ ਪੰਜਾਬੀ ਲੋਕ-ਸਮੂਹ ਦੇ ਰਹਿਣ-ਸਹਿਣ, ਖਾਣ-ਪੀਣ, ਪਹਿਨਣ-ਪੱਚਰਣ ਤੇ ਸੋਚਣ ਵਿਚਾਰਨ ਦੀਆਂ ਆਦਤਾਂ ਅਤੇ ਹਾਲਾਤਾਂ ਵਿਚ ਬੇਤਹਾਸ਼ਾ ਪਰਿਵਰਤਨ ਵਾਪਰੇ ਹਨ। ਇਸ ਤਰ੍ਹਾਂ ਪੰਜਾਬੀ ਲੋਕਧਾਰਾ ਅਤੇ ਸਭਿਆਚਾਰ ਦੀ ਨਿਵੇਕਲੀ ਅਤੇ ਵਿਸ਼ੇਸ਼ ਪਛਾਣ ਨੂੰ ਖੋਰਾ ਲੱਗਿਆ ਹੈ ਤੇ ਪੰਜਾਬੀ ਭਾਈਚਾਰਾ ਸ਼ਹਿਰਾਂ ਤੋਂ ਲੈ ਕੇ ਪਿੰਡਾਂ ਤੱਕ ਪੱਛਮੀ ਕਦਰਾਂ-ਕੀਮਤਾਂ ਵਾਲੀ ਲੋਕਧਾਰਾ ਅਤੇ ਸਭਿਆਚਾਰ ਦਾ ਪਿਛਲੱਗ ਬਣਕੇ ਖਾਣ-ਹੰਢਾਉਣ ਵਿਚ ਰੁਝਿਆ ਹੋਇਆ ਹੈ ਅਤੇ ਪਰੰਪਰਾਗਤ ਲੋਕਧਾਰਾਈ ਕਦਰਾਂ-ਕੀਮਤਾਂ ਪ੍ਰਤੀ ਇਸ ਦਾ ਮੋਹ ਭੰਗ ਹੋ ਗਿਆ ਹੈ। ਇਹ ਸਭ ਪ੍ਰਕਾਰ ਦੀ ਮਾਣ-ਮਰਿਯਾਦਾ ਨੂੰ ਤਿਲਾਂਜਲੀ ਦੇ ਕੇ ਦੇਹੀ ਕੇਂਦਰਿਤ ਤੇ ਵਿਅਕਤੀਵਾਦੀ

ਕਦਰਾਂ-ਕੀਮਤਾਂ ਦੀ ਪਰਿਕਰਮਾ ਕਰਦਾ ਹੋਇਆ ਕਠੋਰ ਤੇ ਨਿਰਦਈ ਮਾਨਸਿਕਤਾ ਦਾ ਧਾਰਨੀ ਬਣਦਾ ਹੈ ਤੇ ਬਿਨਾਂ ਮਿਹਨਤ ਕੀਤੇ ਰਾਤੋ-ਰਾਤ ਅਮੀਰ ਬਣਨਾ ਚਾਹੁੰਦਾ ਹੈ। ਰੁੱਖੀ-ਮਿੱਸੀ ਖਾ ਕੇ ਸਾਦਾ ਜੀਵਨ ਬਤੀਤ ਕਰਨ ਵਾਲੇ ਪੰਜਾਬੀ ਲੋਕਧਾਰਾਈ ਆਦਰਸ਼ਾਂ ਨੂੰ ਪੰਜਾਬੀ ਭਾਈਚਾਰੇ ਨੇ ਮਨੋ ਵਿਸਾਰ ਦਿੱਤਾ ਹੈ। 'ਖਾਓ ਪੀਓ ਐਸ਼ ਕਰੋ' ਵਰਗੇ ਸੰਕਲਪ ਪੰਜਾਬੀ ਜੀਵਨ-ਜਾਚ ਦਾ ਕੇਂਦਰੀ ਨੁਕਤਾ ਬਣ ਗਏ ਹਨ। ਅਜਿਹੇ ਸੰਕਲਪਾਂ ਦੇ ਆਲੇ-ਦੁਆਲੇ ਉਸਰੀ ਜੀਵਨ-ਜਾਚ ਵਿਚੋਂ ਉਤਪੰਨ ਹੋਈ ਸਮੂਹਿਕ ਮਨੋ-ਸਥਿਤੀ ਵਿਸ਼ੇਸ਼ ਤਰ੍ਹਾਂ ਦੀ ਲੋਕਧਾਰਾ ਨੂੰ ਸਿਰਜਣ ਵੱਲ ਅਗਰਸਰ ਹੋ ਰਹੀ ਹੈ।

ਇੱਕੀਵੀਂ ਸਦੀ ਵਿਚ ਆਪਣੇ ਸਿਖਰ 'ਤੇ ਪਹੁੰਚੀ ਵਿਗਿਆਨਕ ਤਰੱਕੀ ਦੇ ਅੰਤਰਗਤ ਪੈਦਾ ਹੋਏ ਗਿਆਨ-ਵਿਗਿਆਨ ਨੇ ਪੰਜਾਬੀ ਜਨ-ਮਾਨਸ ਦੀ ਮਨੋ-ਸਥਿਤੀ ਵਿਚ ਤਰਕ ਨਾਲ ਸੋਚਣ ਦੀ ਸ਼ਕਤੀ ਨੂੰ ਬਲ ਦਿੱਤਾ ਹੈ, ਜਿਸ ਕਾਰਨ ਪੰਜਾਬੀ ਬੰਦਾ ਵਿਵਹਾਰਕ ਜੀਵਨ ਨਾਲ ਜੁੜੇ ਬਹੁਤ ਸਾਰੇ ਵਿਸ਼ਵਾਸਾਂ, ਅੰਧ-ਵਿਸ਼ਵਾਸਾਂ, ਜਾਦੂ-ਟੂਣਿਆਂ ਤੇ ਗ਼ੈਰ-ਜ਼ਰੂਰੀ ਰੀਤਾਂ-ਰਸਮਾਂ ਨੂੰ ਤਿਲਾਂਜਲੀ ਦੇ ਰਿਹਾ ਹੈ। ਇਹੋ ਵਜ੍ਹਾ ਹੈ ਕਿ ਪੰਜਾਬੀ ਲੋਕਧਾਰਾ ਵਿਚੋਂ ਜਨਮ, ਵਿਆਹ ਅਤੇ ਮੌਤ ਨਾਲ ਸੰਬੰਧਿਤ ਬਹੁਤ ਸਾਰੀਆਂ ਰੀਤਾਂ-ਰਸਮਾਂ ਆਪਣੀ ਹੋਂਦ ਗਵਾ ਰਹੀਆਂ ਹਨ। "ਪੁਰਾਣੇ ਸਮੇਂ ਵਿਚ ਬੱਚੇ ਦਾ ਜਨਮ ਹਨ੍ਹੇਰੀ ਕੋਠੜੀ ਵਿਚ ਕਰਵਾਇਆ ਜਾਂਦਾ ਸੀ ਪਰ ਹੁਣ ਬੱਚੇ ਦਾ ਜਨਮ ਹਸਪਤਾਲਾਂ ਵਿਚ ਹੋਣ ਕਰਕੇ 'ਛਿਲੇ' ਤੇ 'ਸੂਤਕ-ਪਾਤਕ' ਬਾਰੇ ਸੋਚਣਾ ਵੀ ਅਰਥਹੀਣ ਜਾਪਦਾ ਹੈ। ਬੱਚੇ ਦੀ ਭੂਆ ਵੱਲੋਂ ਘੁੱਟੀ ਦੇਣ ਦੀ ਰਸਮ ਹੁਣ ਕੋਈ ਸਾਰਥਿਕਤਾ ਨਹੀਂ ਰੱਖਦੀ ਕਿਉਂਕਿ ਇਹ ਕੰਮ ਤਾਂ ਇਹਨਾਂ ਹਸਪਤਾਲਾਂ ਵਿੱਚ ਕੰਮ ਕਰਦੀਆਂ ਦਾਈ ਨਰਸਾਂ ਹੀ ਨਿਭਾ ਦਿੰਦੀਆਂ ਹਨ ਅਤੇ ਗੁੜਤੀ ਦੇਣ ਦਾ ਕੰਮ ਬਹੁਤ ਵਾਰੀ ਡਾਕਟਰ ਹੀ ਨਿਭਾ ਦਿੰਦੇ ਹਨ। ਸਵਾ ਮਹੀਨਾ 'ਛਿਲਾ ਕੱਟਣ' ਸਮੇਂ ਨਿਭਾਈਆਂ ਜਾਂਦੀਆਂ ਰਸਮਾਂ ਹੁਣ ਆਪਣੀ ਸਾਰਥਿਕਤਾ ਕਾਇਮ ਨਹੀਂ ਰੱਖ ਸਕੀਆਂ।"[4] ਇਸ ਤਰ੍ਹਾਂ ਵਿਗਿਆਨਕ ਤਰੱਕੀ ਨਾਲ ਪੈਦਾ ਹੋਈ ਤਰਕਵਾਦੀ ਸੋਚ ਅਤੇ ਆਧੁਨਿਕ ਸਿਹਤ ਸਹੂਲਤਾਂ ਕਾਰਨ ਬੱਚਾ ਅਤੇ ਜੱਚਾ ਨਾਲ ਸੰਬੰਧਿਤ ਬਹੁਤ ਸਾਰੇ ਵਿਸ਼ਵਾਸਾਂ, ਰੀਤਾਂ ਤੇ ਰਸਮਾਂ ਅਜੋਕੇ ਸਮੇਂ ਵਿਚ ਆਪਣੀ ਹੋਂਦ ਗੁਆ ਚੁੱਕੇ ਹਨ। ਇਸੇ ਤਰ੍ਹਾਂ ਬਚਪਨ ਵਿੱਚ ਬੱਚੇ ਨੂੰ ਦਾਦੀਆਂ-ਨਾਨੀਆਂ ਵੱਲੋਂ ਲੋਕ ਗੀਤਾਂ ਦੇ ਰੂਪ ਵਿੱਚ ਦਿੱਤੀਆਂ ਜਾਂਦੀਆਂ ਲੋਰੀਆਂ ਵੀ ਕਿਧਰੇ ਗੁੰਮ ਗੁਆਚ ਗਈਆਂ ਹਨ।

ਪੰਜਾਬੀ ਸਮਾਜ-ਸੱਭਿਆਚਾਰ ਵਿੱਚ ਮੁੰਡੇ ਤੇ ਕੁੜੀ ਦੇ ਵਿਆਹ ਨਾਲ ਸਬੰਧਿਤ ਵੀ ਬਹੁਤ ਸਾਰੀਆਂ ਰਸਮਾਂ-ਰੀਤਾਂ ਹਨ ਜੋ ਵਿਆਹ ਤੋਂ ਬਹੁਤ ਸਮਾਂ ਪਹਿਲਾਂ ਹੀ ਸ਼ੁਰੂ ਹੋ ਜਾਂਦੀਆਂ ਸਨ ਪ੍ਰੰਤੂ ਅਜੋਕੇ ਤੇਜ਼-ਰਫ਼ਤਾਰ ਜੀਵਨ ਵਿੱਚੋਂ ਵਿਆਹ ਨਾਲ ਸਬੰਧਤ ਬਹੁਤ ਸਾਰੀਆਂ ਰਸਮਾਂ-ਰੀਤਾਂ ਲੋਪ ਹੋ ਗਈਆਂ ਹਨ ਤੇ ਕੁਝ ਦਾ ਨਵੀਆਂ ਜੀਵਨ-ਹਾਲਤਾਂ ਮੁਤਾਬਿਕ ਰੂਪਾਂਤਰਣ

ਹੋ ਗਿਆ ਹੈ। ਵਿਆਹ ਨਾਲ ਸਬੰਧਿਤ 'ਸਾਹਾ ਸੁਧਾਉਣ' ਅਤੇ 'ਸਾਹੇ- ਚਿੱਠੀ' ਵਰਗੀਆਂ ਰਸਮਾਂ ਦਿਨੋਂ-ਦਿਨ ਆਪਣੀ ਸਾਰਥਿਕਤਾ ਗੁਆਉਂਦੀਆਂ ਜਾ ਰਹੀਆਂ ਹਨ ਕਿਉਂਕਿ ਅਜੋਕੇ ਦੌਰ ਵਿੱਚ ਆਪਣੇ ਕੰਮਾਂ-ਕਾਰਾਂ ਵਿਚ ਰੁੱਝੇ ਹੋਏ ਲੋਕ ਆਪਣੀ ਵਿਹਲ ਤੇ ਸੁਵਿਧਾ ਅਨੁਸਾਰ ਵਿਆਹ ਦਾ ਦਿਨ ਨਿਸ਼ਚਿਤ ਕਰ ਲੈਂਦੇ ਹਨ ਪ੍ਰੰਤੂ ਜ਼ਿਆਦਾਤਰ ਹਿੰਦੂ ਪਰਿਵਾਰਾਂ ਵਿਚ ਗ੍ਰਹਿ ਨਛੱਤਰਾਂ ਨੂੰ ਵੇਖ ਕੇ ਪੰਡਤ ਕੋਲੋਂ ਸਾਹਾ ਸੁਧਾਇਆ ਜਾਂਦਾ ਹੈ। ਸਾਹੇ-ਚਿੱਠੀ ਦੀ ਜਗ੍ਹਾ ਵਿਆਹ ਸਮੇਂ ਛਪਦੇ ਸੱਦਾ-ਪੱਤਰਾਂ (ਕਾਰਡਾਂ) ਨੇ ਮੱਲ ਲਈ ਹੈ। ਵਿਆਹ ਤੋਂ ਪਹਿਲਾਂ 'ਗਾਉਣ-ਬਿਠਾਉਣ' ਦੀ ਰਸਮ ਅਜੋਕੇ ਸਮੇਂ ਵਿੱਚ 'ਲੇਡੀ-ਸੰਗੀਤ' ਵਿਚ ਵਟ ਗਈ ਹੈ। ਜਿਸ ਵਿੱਚ ਘੋੜੀਆਂ-ਸੁਹਾਗ ਨਹੀਂ ਗਾਏ ਜਾਂਦੇ ਸਗੋਂ ਡੀ. ਜੇ. 'ਤੇ ਪੌਪ ਗੀਤ-ਸੰਗੀਤ ਨੂੰ ਵਜਾਇਆ ਜਾਂਦਾ ਹੈ। ਆਨੰਦ ਕਾਰਜ ਜਾਂ ਲਾਵਾਂ ਵੇਲੇ ਸਿਹਰਾ-ਸਿੱਖਿਆ ਪੜ੍ਹਨ ਦੀ ਰਸਮ ਵੀ ਵਿਆਹ ਕਾਰਜਾਂ ਵਿੱਚੋਂ ਲੋਪ ਹੋ ਗਈ ਹੈ। ਇਸੇ ਤਰ੍ਹਾਂ ਕੁਆਰੀ ਰੋਟੀ, ਮਿੱਠੀ ਰੋਟੀ, ਜੰਞ ਬੰਨ੍ਹਣਾ, ਸਿੱਠਣੀਆਂ ਦੇਣੀਆਂ, ਪੱਤਲ ਦੇਣੀ, ਵਰ੍ਹੀ ਚੱਕਣੀ, ਸੰਦੂਕ ਜਾਂ ਪੇਟੀ ਖੁਲ੍ਹਾਈ, ਛਟੀਆਂ ਖੇਡਣਾ, ਗੋਤ ਕਨਾਲਾ ਆਦਿ ਰਸਮਾਂ-ਰੀਤਾਂ ਪੰਜਾਬੀ ਜਨ-ਮਾਨਸ ਦੇ ਵਿਆਹ ਸਮਾਗਮਾਂ ਵਿੱਚੋਂ ਮਨਫ਼ੀ ਹੋ ਗਈਆਂ ਹਨ। ਇਹਨਾਂ ਪਰੰਪਰਕ ਰਸਮਾਂ-ਰੀਤਾਂ ਦੀ ਥਾਂ 'ਤੇ ਕੁਝ ਨਵੀਆਂ ਰਸਮਾਂ-ਰੀਤਾਂ ਪੰਜਾਬੀ ਵਿਆਹਾਂ ਦਾ ਅੰਗ ਬਣ ਰਹੀਆਂ ਹਨ ਜਿਨ੍ਹਾਂ ਵਿੱਚ 'ਬੈਂਗਲਸ ਸੈਰੇਮਨੀ', ਪ੍ਰੀਵੈਡਿੰਗ ਸੈਰੇਮਨੀ, ਰਿੰਗ ਸੈਰੇਮਨੀ, ਰਿਸੈਪਸ਼ਨ ਆਦਿ ਪ੍ਰਮੁੱਖ ਹਨ।

ਪੰਜਾਬੀ ਸਮਾਜ-ਸਭਿਆਚਾਰ ਵਿੱਚ ਮਨੁੱਖ ਦੀ ਮੌਤ ਸਮੇਂ ਵੀ ਬਹੁਤ ਸਾਰੀਆਂ ਰਸਮਾਂ-ਰੀਤਾਂ ਨੂੰ ਨਿਭਾਇਆ ਜਾਂਦਾ ਰਿਹਾ ਹੈ ਪ੍ਰੰਤੂ ਅਜੋਕੇ ਸਮੇਂ ਵਿੱਚ ਮੌਤ ਨਾਲ ਸਬੰਧਿਤ ਬਹੁਤ ਸਾਰੀਆਂ ਰਸਮਾਂ-ਰੀਤਾਂ ਜਿਵੇਂ ਦੀਵਾ ਵੱਟੀ, ਗਊਆਂ ਮਣਸਣਾ, ਕਾਨ੍ਹੀ ਲਾਉਣਾ ਆਦਿ ਆਪਣੀ ਹੋਂਦ ਲਗਭਗ ਗੁਆ ਚੁੱਕੀਆਂ ਹਨ। ਬਹੁਤ ਸਾਰੇ ਪਿੰਡਾਂ ਅਤੇ ਸ਼ਹਿਰਾਂ ਵਿੱਚ ਮ੍ਰਿਤਕ ਦੇਹਾਂ ਦੇ ਦਾਹ ਸੰਸਕਾਰ ਮਸ਼ੀਨਾਂ ਨਾਲ ਹੋਣ ਕਰਕੇ ਫੁੱਲ ਚੁਗਣ ਦੀ ਰਸਮ ਵੀ ਅਲੋਪ ਹੋ ਰਹੀ ਹੈ। ਕਈ ਘਰਾਂ ਵਿੱਚ ਮ੍ਰਿਤਕ ਮਨੁੱਖ ਦਾ ਭੋਗ ਸਤਾਰਵੇਂ ਜਾਂ ਦਸਵੇਂ ਦਿਨ ਪਾਉਣ ਦੀ ਬਜਾਏ ਤੀਜੇ ਦਿਨ ਹੀ ਪਾਇਆ ਜਾਂਦਾ ਹੈ ਜਿਸ ਨਾਲ ਦਸਵੇਂ ਜਾਂ ਸਤਾਰ੍ਹਵੇਂ ਦੀ ਰਸਮ ਵੀ ਤੀਜੇ ਦੀ ਰਸਮ ਬਣਨ ਵੱਲ ਵਧ ਰਹੀ ਹੈ।

ਅਜੋਕੇ ਦੌਰ ਵਿੱਚ ਹੋਈ ਉਦਯੋਗਿਕ ਤਰੱਕੀ ਤੇ ਵਿਗਿਆਨਕ ਲੱਭਤਾਂ ਨੇ ਪੰਜਾਬੀ ਜਨ-ਮਾਨਸ ਦੇ ਰਹਿਣ-ਸਹਿਣ ਤੇ ਕੰਮਾਂ-ਧੰਦਿਆਂ ਵਿੱਚ ਸਿਫ਼ਤੀ ਬਦਲਾਅ ਲਿਆਂਦੇ ਹਨ। ਘਰਾਂ ਦੇ ਨਕਸ਼ੇ,ਬਣਤਰ ਅਤੇ ਦਿਸ਼ਾਵਾਂ ਵੀ ਬਦਲ ਗਈਆਂ ਹਨ। ਸਾਂਝੇ ਤੇ ਸੰਯੁਕਤ ਪਰਿਵਾਰਾਂ ਦੀ ਥਾਂ 'ਤੇ ਇਕਹਿਰੇ ਪਰਿਵਾਰ ਹੋਂਦ ਵਿੱਚ ਆ ਗਏ ਹਨ। ਉਤਪਾਦਨ ਦੇ ਸਾਧਨਾਂ, ਸੱਦਾਂ ਤੇ ਰਿਸ਼ਤਿਆਂ ਵਿੱਚ ਬਦਲਾਅ ਵਾਪਰਣ ਨਾਲ ਪਿਤਾ-ਪੁਰਖੀ ਲੋਕ-ਕਿੱਤਿਆਂ ਵਿੱਚੋਂ ਲੋਕਾਂ ਦਾ ਮੋਹ ਭੰਗ ਹੋਇਆ ਹੈ ਤੇ ਉਹ ਚੰਗੀਆਂ ਜੀਵਨ ਹਾਲਤਾਂ ਦੀ ਪ੍ਰਾਪਤੀ ਹਿੱਤ ਉਦਯੋਗਿਕ

ਇਕਾਈਆਂ ਵਿੱਚ ਕੰਮ ਕਰਨ ਲਈ ਪਿੰਡਾਂ ਤੋਂ ਸ਼ਹਿਰਾਂ ਵੱਲ ਰੁਖ ਕਰ ਰਹੇ ਹਨ ਕਿਉਂਕਿ ਉਦਯੋਗਾਂ ਵਿੱਚ ਬਣੇ ਖੇਤੀ ਦੇ ਸੰਦਾਂ, ਮਸ਼ੀਨਾਂ ਅਤੇ ਹੋਰ ਰੋਜ਼ਾਨਾ ਜੀਵਨ ਲਈ ਲੋੜੀਂਦੀਆਂ ਵਸਤਾਂ ਪਿੰਡਾਂ ਵਿੱਚ ਪਹੁੰਚਣ ਕਾਰਨ ਬਹੁਤ ਸਾਰੇ ਲੋਕ ਕਿੱਤੇ ਠੱਪ ਹੋ ਗਏ ਹਨ। ਇਹਨਾਂ ਕਿੱਤਿਆਂ ਦੇ ਠੱਪ ਹੋਣ ਨਾਲ ਲੋਕ-ਜੀਵਨ ਵਿਚਲੀ ਸਾਂਝ ਤੇ  ਭਾਈਚਾਰਾ ਵੀ ਖ਼ਤਮ ਹੋ ਗਿਆ ਹੈ।

ਪਰਿਵਾਰਕ ਸੰਸਥਾ ਵਿੱਚ ਮੋਹ ਦੇ ਰਿਸ਼ਤਿਆਂ ਦੀ ਥਾਂ 'ਤੇ ਸਵਾਰਥ ਤੇ ਗਰਜ਼ਾਂ ਦੇ ਰਿਸ਼ਤਿਆਂ ਦਾ ਬੋਲਬਾਲਾ ਹੋ ਗਿਆ ਹੈ। "ਰਿਸ਼ਤੇ ਨਾਤਿਆਂ ਵਿੱਚ 'ਅੰਕਲ' ਕਲਚਰ ਨੇ ਚਾਚੇ, ਤਾਏ, ਮਾਮੇ, ਫੁੱਫੜ ਆਦਿ ਨੂੰ ਪ੍ਰਭਾਵਿਤ ਕੀਤਾ ਹੈ। ਇਨ੍ਹਾਂ ਰਿਸ਼ਤਿਆਂ ਦਾ ਰੋਲ ਵੀ ਬਦਲ ਗਿਆ ਹੈ। ਸ਼ਰੀਕਾ ਅਤੇ ਸ਼ਰੀਕੇ ਦੇ ਰਿਸ਼ਤੇ ਫਿੱਕੇ ਪੈ ਗਏ ਹਨ। ਮੋਹ ਦੀ ਥਾਂ ਲਾਲਚ ਨੇ ਮੱਲ ਲਈ ਹੈ।"[5] ਲਾਲਚ ਵੱਸ ਵੱਧ ਤੋਂ ਵੱਧ ਪਦਾਰਥਕ ਵਸਤਾਂ ਇਕੱਤਰ ਕਰਨ ਦੀ ਪ੍ਰਵਿਰਤੀ ਨੇ ਪੰਜਾਬੀ ਜਨ-ਮਾਨਸ ਨੂੰ ਜ਼ਿਹਨੀ ਤੌਰ 'ਤੇ ਕੰਗਾਲ ਕਰ ਦਿੱਤਾ ਹੈ। ਹਰ ਪੰਜਾਬੀ ਆਪਣੇ ਆਪ ਨੂੰ ਗੁਆਂਢੀਆਂ, ਰਿਸ਼ਤੇਦਾਰਾਂ, ਭਰਾਵਾਂ-ਭੈਣਾਂ, ਸ਼ਰੀਕਾ ਬਰਾਦਰੀ ਤੋਂ ਉੱਚਾ, ਅਮੀਰ ਤੇ ਵਿਸ਼ੇਸ਼ ਬਣਾਉਣ ਦੇ ਚੱਕਰ-ਵਿਊ ਵਿੱਚ ਫਸਿਆ ਈਰਖਾ, ਸਾੜਾ, ਨਕਲ ਤੇ ਰੀਸ ਜਿਹੀਆਂ ਪ੍ਰਵਿਰਤੀਆਂ ਦਾ ਧਾਰਨੀ ਬਣ ਰਿਹਾ ਹੈ। ਅਜਿਹੀਆਂ ਪ੍ਰਵਿਰਤੀਆਂ ਨੇ ਪੰਜਾਬੀ ਜਨ-ਸਮੂਹ ਵਿੱਚ ਹਉਮੈ ਤੇ ਊਚ ਨੀਚ ਦੀ ਭਾਵਨਾ ਨੂੰ ਉਗਰ ਕਰਕੇ ਸਮਾਂਨਤਾ ਤੇ ਸਰਬ ਸਾਂਝੀਵਾਲਤਾ ਵਰਗੇ ਜੀਵਨ-ਆਦਰਸ਼ਾਂ ਨੂੰ ਢਾਹ ਲਾਈ ਹੈ। ਇਹੋ ਵਜ੍ਹਾ ਹੈ ਕੇ ਪੰਜਾਬੀ ਭਾਈਚਾਰਾ ਨੈਤਿਕ ਕਦਰਾਂ-ਕੀਮਤਾਂ ਦੀ ਥਾਂ 'ਤੇ ਪੈਸਾ-ਮੁਖੀ ਤੇ ਦੇਹੀ-ਸੁਖ ਦੇਣ ਵਾਲੀਆਂ ਕਦਰਾਂ-ਕੀਮਤਾਂ ਨੂੰ ਤਰਜ਼ੀਹ ਦੇ ਰਿਹਾ ਹੈ।

ਇੱਕ੍ਹੀਵੀਂ ਸਦੀ ਵਿੱਚ ਵਿਗਿਆਨਕ ਲੱਭਤਾਂ ਨਾਲ ਆਈ ਉਦਯੋਗਿਕ ਕ੍ਰਾਂਤੀ ਨਾਲ ਖਾਣ-ਪੀਣ ਦੀਆਂ ਵਸਤਾਂ ਦਾ ਨਾ-ਕੇਵਲ ਹੜ੍ਹ ਆਇਆ ਹੈ ਸਗੋਂ ਆਧੁਨਿਕ ਸੰਚਾਰ ਸਾਧਨਾਂ ਰਾਂਹੀ ਦਿੱਤੇ ਜਾਂਦੇ ਵਿਗਿਆਪਨਾਂ ਰਾਹੀਂ ਇਨ੍ਹਾਂ ਵਸਤਾਂ ਨੂੰ ਖ਼ਰੀਦਣ ਅਤੇ ਖਾਣ-ਪੀਣ ਲਈ ਮਨੁੱਖ ਵਿਚ ਲਾਲਸਾ ਵੀ ਪੈਦਾ ਕੀਤੀ ਹੈ। ਇਨ੍ਹਾਂ ਹੌਟ ਖਾਣਿਆਂ ਅਤੇ ਠੰਢੇ ਪੀਣ ਵਾਲੇ ਪਦਾਰਥਾਂ ਨੇ ਪੰਜਾਬੀ ਲੋਕ-ਖਾਣਿਆਂ ਨੂੰ ਹਾਸ਼ੀਏ 'ਤੇ ਧੱਕ ਕੇ ਆਪ ਕੇਂਦਰੀ ਥਾਂ ਮੱਲ ਲਈ ਹੈ। ਖਾਣ-ਪੀਣ ਲਈ ਵਿਦੇਸ਼ੀ ਖਾਣਿਆਂ ਨੂੰ ਉਪਲੱਬਧ ਕਰਵਾਉਣ ਲਈ ਪੰਜਾਬ ਵਿੱਚ ਫਾਈਵ/ਸੈਵਨ ਸਟਾਰ ਹੋਟਲ, ਰੈਸਟੋਰੈਂਟ, ਹਵੇਲੀਆਂ, ਮੈਕਡੋਨਲਡ, ਪੀਜ਼ਾ ਹੱਟ, ਬਰਗਰ ਕਿੰਗ, ਕੌਫ਼ੀ ਹਾਊਸ ਆਦਿ ਖੁੰਭਾਂ ਵਾਂਗ ਉੱਗ ਆਏ ਹਨ। ਪੰਜਾਬੀ ਹੁਣ ਦੁੱਧ, ਦਹੀਂ, ਲੱਸੀ ਆਦਿ ਖਾਣ-ਪੀਣ ਨਾਲੋਂ ਕੋਲਡ-ਡਰਿੰਕਸ ਪੀਣੇ ਅਤੇ ਫਾਸਟ ਫੂਡ ਖਾਣੇ ਜ਼ਿਆਦਾ ਪਸੰਦ ਕਰਦੇ ਹਨ। ਸਿੱਟੇ ਵਜੋਂ ਪੰਜਾਬੀ ਵਿਰਾਸਤੀ ਖਾਣਿਆਂ ਦੀ ਥਾਂ ਵਿਦੇਸ਼ੀ ਮੁਲਕਾਂ ਦੇ ਹੌਟ ਖਾਣਿਆਂ ਨੂੰ ਖਾਣਾ ਅਤੇ ਮਹਿਮਾਨਾਂ ਨੂੰ ਪਰੋਸਣਾ ਸਟੇਟਸ ਸਿੰਬਲ ਬਣਾ ਲਿਆ ਗਿਆ ਹੈ, ਜਿਸ ਨਾਲ

ਨਿਰਸੰਦੇਹ ਪੰਜਾਬੀ ਖਾਣਿਆਂ ਵਿੱਚ ਵੰਨ-ਸੁਵੰਨਤਾ ਤਾਂ ਆਈ ਹੈ ਪ੍ਰੰਤੂ ਬਹੁਤ ਸਾਰੀਆਂ ਬਿਮਾਰੀਆਂ ਵੀ ਪੰਜਾਬੀ ਲੋਕਾਂ ਨੇ ਸਹੇੜ ਲਈਆਂ ਹਨ।

ਅਜੋਕੇ ਦੌਰ ਵਿੱਚ ਪੰਜਾਬੀ ਲੋਕ-ਮਾਨਸ ਦੇ ਪਹਿਰਾਵੇ ਤੇ ਹਾਰ-ਸ਼ਿੰਗਾਰ ਵਿੱਚ ਵੀ ਵੱਡਾ ਬਦਲਾਅ ਆਇਆ ਹੈ। ਪੰਜਾਬੀ ਰਵਾਇਤੀ ਹੰਢਣਸਾਰ ਪਹਿਰਾਵਿਆਂ ਅਤੇ ਗਹਿਣਿਆਂ ਦੀ ਥਾਂ 'ਤੇ ਬਹੁ-ਕੌਮੀ ਕੰਪਨੀਆਂ ਵੱਲੋਂ ਤਿਆਰ ਕੀਤੇ ਬਰੈਂਡਿਡ ਚੁਸਤ ਪਹਿਰਾਵਿਆਂ, ਬੂਟਾਂ-ਸੈਂਡਲਾਂ ਅਤੇ ਡਿਜ਼ਾਈਨਦਾਰ ਮਸ਼ੀਨੀ ਗਹਿਣਿਆਂ ਨੂੰ ਪਹਿਨਣਾ ਸ਼ਾਨ ਸਮਝਿਆ ਜਾਣ ਲੱਗਿਆ ਹੈ। ਅਸਲ ਵਿੱਚ ਟੀ. ਵੀ ਚੈਨਲਾਂ, ਫ਼ਿਲਮਾਂ, ਸੀਰੀਅਲਾਂ, ਫੈਸ਼ਨ-ਸ਼ੋਆਂ ਆਦਿ ਰਾਹੀਂ ਪ੍ਰਚਾਰੇ ਤੇ ਪਸਾਰੇ ਜਾ ਰਹੇ ਪਹਿਰਾਵਿਆਂ ਨੇ ਪੰਜਾਬੀ ਲੋਕਾਂ ਦੇ ਮੂਲ ਪਹਿਰਾਵਿਆਂ ਦਾ ਮੁਹਾਂਦਰਾ ਬਦਲ ਦਿੱਤਾ ਹੈ। "ਪੰਜਾਬੀ ਮਰਦ ਕੁੜਤਾ, ਚਾਦਰਾ ਤੇ ਪੱਗ ਨੂੰ ਤਿਲਾਂਜਲੀ ਦੇ ਕੇ ਕੁੜਤਾ ਪਜਾਮਾ ਕੁਝ ਹੱਦ ਤੱਕ ਤੇ ਜ਼ਿਆਦਾਤਰ ਪੈਂਟਾਂ ਸ਼ਰਟਾਂ ਪਾਉਣ ਲੱਗੇ ਹਨ ਤੇ ਉਹ ਵੀ ਦੇਸੀ ਪੰਜਾਬੀ/ਭਾਰਤੀ ਨਹੀਂ ਸਗੋਂ ਵਿਦੇਸ਼ੀ ਕੰਪਨੀ ਦੀਆਂ ਬਣੀਆਂ ਹੋਈਆਂ। ਉਹ ਬੂਟ ਵੀ ਵਿਦੇਸ਼ੀ ਕੰਪਨੀਆਂ ਦੇ ਬਣੇ ਹੋਏ ਹੀ ਪਾਉਣ ਲੱਗੇ ਹਨ। ਪੰਜਾਬੀ ਕੁੜੀਆਂ/ਔਰਤਾਂ ਵੀ ਹੁਣ ਪੰਜਾਬੀ ਸਲਵਾਰ ਕਮੀਜ਼ ਪਹਿਨਣਾ ਪਸੰਦ ਨਹੀਂ ਕਰਦੀਆਂ ਸਗੋਂ ਫਿਲਮਾਂ, ਸੀਰੀਅਲਾਂ ਦੀਆਂ ਨਾਇਕਾਵਾਂ ਵਾਂਗ ਜੀਨ-ਟਾਪ ਹੀ ਪਹਿਨਣਾ ਪਸੰਦ ਕਰਦੀਆਂ ਹਨ।"[6] ਇਸੇ ਤਰ੍ਹਾਂ ਗਹਿਣਿਆਂ ਵਿੱਚ ਵੀ ਵੰਨ ਸੁਵੰਨਤਾ ਆਈ ਹੈ। ਇਹ ਠੀਕ ਹੈ ਕਿ ਲੋਕਾਂ ਦੇ ਕੰਮ-ਧੰਦਿਆਂ ਦੀਆਂ ਹਾਲਤਾਂ ਅਤੇ ਸਥਿਤੀਆਂ ਬਦਲਣ ਨਾਲ ਪਹਿਰਾਵਿਆਂ ਅਤੇ ਗਹਿਣਿਆਂ ਵਿੱਚ ਬਦਲਾਅ ਆਉਣਾ ਜ਼ਰੂਰੀ ਹੁੰਦਾ ਹੈ ਪ੍ਰੰਤੂ ਵਿਦੇਸ਼ੀ ਪਹਿਰਾਵਿਆਂ ਅਤੇ ਗਹਿਣਿਆਂ ਨੂੰ ਲੈ ਕੇ ਅੰਨ੍ਹੀ ਦੌੜ ਅਤੇ ਦਿਖਾਵਾ ਨਾ-ਕੇਵਲ ਪੰਜਾਬੀ ਨੌਜੁਆਨ ਅਤੇ ਪੰਜਾਬਣ ਮੁਟਿਆਰ ਦੇ ਬਿੰਬ/ਅਕਸ ਨੂੰ ਖੋਰਾ ਲਾ ਰਹੇ ਹਨ। ਸਗੋਂ ਪੰਜਾਬ ਦੇ ਲੋਕ-ਕਾਰੀਗਰ ਵੀ ਕਿਰਤ-ਵਿਹੂਣੇ ਹੋ ਰਹੇ ਹਨ।

ਅਜੋਕੇ ਤੇਜ਼-ਤਰਾਰ ਤੇ ਵਿਭਿੰਨ ਕਿਸਮਾਂ ਦੇ ਬਿਜਲਈ ਮਨੋਰੰਜਨ ਦੇ ਸਾਧਨਾਂ ਅਤੇ ਵਸੀਲਿਆਂ ਨੇ ਪੰਜਾਬੀ ਲੋਕ-ਮਾਨਸ ਦੇ ਮਨੋਰੰਜਨ ਕਰਨ ਦੀ ਇੱਛਾ ਸ਼ਕਤੀ ਨੂੰ ਵਿਭਿੰਨ ਪਾਸਾਰ ਦਿੱਤੇ ਹਨ। ਅਸਲ ਵਿੱਚ "ਸੰਚਾਰ ਸਾਧਨਾਂ ਨੇ ਮੰਡੀ ਦੇ ਨਜ਼ਰੀਏ ਤੋਂ ਸਾਹਿਤ, ਗਾਇਕੀ, ਨਾਟ ਅਤੇ ਅਜਿਹੀਆਂ ਹੋਰ ਸਹਿ ਸੰਬੰਧਿਤ ਪ੍ਰੰਪਰਾਵਾਂ ਨੂੰ ਇਨ੍ਹਾਂ ਦੇ ਸੁਭਾਵਿਕ ਪਰੰਪਰਾਗਤ ਸੰਦਰਭਾਂ ਤੋਂ ਤੋੜ ਕੇ ਮੰਡੀ ਮਾਨਸਿਕਤਾ ਪੈਦਾ ਕਰਨ ਲਈ ਨਵੇਂ ਪ੍ਰਸੰਗ ਵਿੱਚ ਪੇਸ਼ ਤੇ ਪੁਨਰ-ਸਿਰਜਿਤ ਕਰਨ ਦੀ ਚਾਲ ਚੱਲਣ ਵਿੱਚ ਕਾਮਯਾਬੀ ਹਾਸਲ ਕੀਤੀ ਹੋਈ ਹੈ।"[7] ਇਸ ਤਰ੍ਹਾਂ ਟੀ. ਵੀ. ਤੇ ਹੋਰ ਮਨੋਰੰਜਨ ਦੇ ਸਾਧਨਾਂ ਜ਼ਰੀਏ ਲੋਕ-ਮਨੋਰੰਜਨ ਦੇ ਸਾਧਨਾਂ ਜਿਵੇਂ ਲੋਕ-ਸੰਗੀਤ, ਲੋਕ-ਗੀਤਾਂ, ਲੋਕ-ਨਾਚ, ਲੋਕ-ਕਥਾਵਾਂ, ਲੋਕ-ਨਾਟ, ਲੋਕ-ਖੇਡਾਂ ਆਦਿ ਨੂੰ ਮੰਡੀਵਾਦੀ ਦ੍ਰਿਸ਼ਟੀ ਤੋਂ ਇਨ੍ਹਾਂ ਦੇ ਮੂਲ ਖ਼ਾਸੇ ਵਿੱਚ ਰੂਪਾਂਤਰਣ ਕਰਕੇ ਪੇਸ਼

ਕੀਤਾ ਜਾਂਦਾ ਹੈ। ਜਿਸ ਨਾਲ ਇਨ੍ਹਾਂ ਮਨੋਰੰਜਨ ਦੇ ਲੋਕਧਾਰਾਈ ਵਸੀਲਿਆਂ ਦੇ ਰੂਪ ਅਤੇ ਪੇਸ਼ਕਾਰੀ ਵਿਧੀ ਵਿੱਚ ਵੱਡੇ ਬਦਲਾਅ ਆਏ ਹਨ। ਲੋਕ-ਸੰਗੀਤ ਦੀ ਥਾਂ 'ਤੇ ਪੌਪ ਸੰਗੀਤ ਭਾਰੂ ਹੋ ਗਿਆ ਹੈ, ਲੋਕ-ਗੀਤਾਂ ਦੀ ਥਾਂ 'ਤੇ ਦੂਹਰੇ ਅਰਥਾਂ ਵਾਲੇ ਪਾਪੂਲਰ ਗੀਤਾਂ ਦੀ ਭਰਮਾਰ ਹੋ ਗਈ ਹੈ ਜਿਨ੍ਹਾਂ ਵਿਚ ਕੰਨ ਰਸ ਨਾਲੋਂ ਅੱਖ ਰਸ 'ਤੇ ਜ਼ਿਆਦਾ ਜ਼ੋਰ ਦਿੱਤਾ ਜਾਂਦਾ ਹੈ। ਜ਼ਿਆਦਾਤਰ ਲੋਕ-ਨਾਚਾਂ ਦੀ ਥਾਂ ਡਿਸਕੋ-ਡਾਂਸ ਤੇ ਬ੍ਰੇਕ-ਡਾਂਸ ਨੇ ਮੱਲ ਲਈ ਹੈ ਪ੍ਰੰਤੂ ਗਿੱਧਾ ਤੇ ਭੰਗੜਾ ਅਜੇ ਵੀ ਕੁਝ ਹੱਦ ਤੱਕ ਪੰਜਾਬੀ ਜੀਵਨ ਦਾ ਅੰਗ ਬਣਿਆ ਹੋਇਆ ਹੈ। ਬੇਸ਼ੱਕ ਫ਼ਿਲਮਾਂ ਤੇ ਟੀ.ਵੀ. ਨੇ ਲੋਕ-ਨਾਚਾਂ ਦਾ ਹੁਲੀਆ ਵਿਗਾੜ ਦਿੱਤਾ ਹੈ ਪ੍ਰੰਤੂ ਤਸੱਲੀ ਵਾਲੀ ਗੱਲ ਇਹ ਹੈ ਕਿ "ਸਾਧਾਰਨ ਪੇਂਡੂ ਜੀਵਨ 'ਚੋਂ ਉਠ ਕੇ ਹੁਣ ਇਹ ਨਾਚ ਸਕੂਲਾਂ, ਕਾਲਜਾਂ ਤੇ ਯੂਨੀਵਰਸਿਟੀਆਂ ਦੀਆਂ ਸਟੇਜਾਂ ਤੱਕ ਪੁੱਜ ਗਏ ਹਨ। ਵੱਖ-ਵੱਖ ਪੱਧਰ 'ਤੇ ਲੋਕ-ਨਾਚਾਂ ਦੇ ਮੁਕਾਬਲੇ ਹੁੰਦੇ ਹਨ। ਟਰੇਂਡ ਅਧਿਆਪਕਾਂ ਦੀ ਨਿਗਰਾਨੀ ਅਧੀਨ ਟੀਮਾਂ ਤਿਆਰ ਕੀਤੀਆਂ ਜਾਂਦੀਆਂ ਹਨ। ਪੇਸ਼ਕਾਰੀ ਲਈ ਨਿਯਮਾਂ ਦੀ ਪਾਲਣਾ ਜ਼ਰੂਰੀ ਹੈ। ਯੂਨੀਵਰਸਿਟੀ ਦੁਆਰਾ ਆਯੋਜਿਤ ਕੀਤੇ ਜਾਂਦੇ ਯੁਵਕ-ਮੇਲਿਆਂ ਵਿੱਚ ਵੀ ਗਿੱਧੇ ਅਤੇ ਭੰਗੜੇ ਦੀਆਂ ਟੀਮਾਂ ਭਾਗ ਲੈਂਦੀਆਂ ਹਨ। ਮੁਕਾਬਲੇ ਵਿੱਚ ਸਾਰਾ ਜ਼ੋਰ ਨਵੀਂਆਂ ਬੋਲੀਆਂ ਘੜ੍ਹਨ ਅਤੇ ਨਵੇਂ ਐਕਸ਼ਨਾਂ ਦੀ ਪੇਸ਼ਕਾਰੀ ਉਪਰ ਦਿੱਤਾ ਜਾਂਦਾ ਹੈ।"[8] ਨਿਰਸੰਦੇਹ ਇਸ ਸਮੁੱਚੇ ਵਰਤਾਰੇ ਦੇ ਅੰਤਰਗਤ ਇਨ੍ਹਾਂ ਲੋਕ ਨਾਚਾਂ ਵਿੱਚ ਸਿਫ਼ਤੀ ਬਦਲਾਅ ਵਾਪਰਦੇ ਹਨ ਜੋ ਇਨ੍ਹਾਂ ਨੂੰ ਸਮੇਂ ਦੇ ਹਾਣੀ ਬਣਾਈ ਰੱਖਣ ਵਿਚ ਮਦਦਗਾਰ ਸਿੱਧ ਹੁੰਦੇ ਹਨ ਪ੍ਰੰਤੂ ਇਨ੍ਹਾਂ ਲੋਕ ਨਾਚਾਂ ਵਿੱਚੋਂ ਹੌਲੀ-ਹੌਲੀ ਵਿਰਾਸਤੀ ਰੂਹ ਗੁਆਚਦੀ ਜਾਂਦੀ ਹੈ। ਇਸੇ ਤਰ੍ਹਾਂ ਪੰਜਾਬੀ ਲੋਕ-ਨਾਟ ਵੀ ਪੰਜਾਬੀ ਜਨ-ਮਾਨਸ ਦੇ ਮਨੋਰੰਜਨ ਦਾ ਅਹਿਮ ਮਾਧਿਅਮ ਰਿਹਾ ਹੈ ਪ੍ਰੰਤੂ ਅਜੋਕੇ ਸਮੇਂ ਵਿੱਚ ਇਸ ਦੀਆਂ ਬਹੁਤ ਸਾਰੀਆਂ ਲੋਕ ਵੰਨਗੀਆਂ ਅਲੋਪ ਹੋ ਰਹੀਆਂ ਹਨ। ਨਕਲਾਂ ਆਪਣੇ ਬਦਲੇ ਹੋਏ ਰੂਪ 'ਕਾਮੇਡੀ ਸ਼ੋਅ' ਵਿੱਚ ਅਜੇ ਵੀ ਟੀ.ਵੀ. ਦੇ ਮਾਧਿਅਮ ਰਾਹੀਂ ਲੋਕ-ਮਨੋਰੰਜਨ ਦਾ ਕਾਰਜ ਕਰ ਰਹੀਆਂ ਨਜ਼ਰ ਆ ਜਾਂਦੀਆਂ ਹਨ। ਲੋਕ-ਖੇਡਾਂ ਦੀ ਥਾਂ 'ਤੇ ਵਸ਼ਿਸ਼ਟ ਖੇਡਾਂ, ਵੀਡੀਓ ਤੇ ਮੋਬਾਈਲ ਗੇਮਾਂ ਨੇ ਲੈ ਲਈ ਹੈ। ਇਨ੍ਹਾਂ ਗੇਮਾਂ ਵਿਚ ਬੱਚਿਆਂ ਤੋਂ ਲੈ ਕੇ ਬਜ਼ੁਰਗਾਂ ਤਕ ਦਿਲਚਸਪੀ ਲੈ ਰਹੇ ਹਨ। ਲੋਕ-ਕਹਾਣੀਆਂ ਅਤੇ ਲੋਕ-ਬਾਤਾਂ ਦੀ ਥਾਂ 'ਤੇ ਟੀ.ਵੀ., ਯੂ.ਟਿਊਬ ਆਦਿ ਸ਼ੋਸ਼ਲ ਮੀਡੀਆ 'ਤੇ ਚਲਦੇ ਕਾਰਟੂਨ ਪ੍ਰੋਗਰਾਮਾਂ ਨੇ ਮੱਲ ਲਈ ਹੈ। ਇਨ੍ਹਾਂ ਪ੍ਰੋਗਰਾਮਾਂ ਜ਼ਰੀਏ ਪੂੰਜੀਪਤੀ ਵਰਗ ਭਾਰਤੀ ਪੰਜਾਬੀ ਇਤਿਹਾਸ/ਮਿਥਿਹਾਸ ਵਿੱਚ ਆਪਣੇ ਹਿੱਤਾਂ ਅਨੁਸਾਰ ਤਬਦੀਲੀ/ਰੂਪਾਂਤਰਣ ਕਰਕੇ ਪਰੋਸ ਰਿਹਾ ਹੈ।

ਇਉਂ ਇੱਕ੍ਹੀਵੀਂ ਸਦੀ ਵਿੱਚ ਆਪਣੇ ਸਿਖਰ 'ਤੇ ਪਹੁੰਚੀ ਵਿਗਿਆਨਕ ਤਰੱਕੀ ਅਤੇ ਉਦਯੋਗਿਕ ਕ੍ਰਾਂਤੀ ਦੇ ਅੰਤਰਗਤ ਪੈਦਾ ਹੋਏ ਅਤਿ-ਵਿਕਸਤ ਸੰਚਾਰ ਸਾਧਨਾਂ ਅਤੇ ਗਿਆਨ-ਵਿਗਿਆਨ ਨੇ ਜੀਵਨ ਦੇ ਹਰ ਖੇਤਰ ਵਿੱਚ ਵੱਡੇ ਬਦਲਾਅ ਲਿਆਂਦੇ ਹਨ। ਇਨ੍ਹਾਂ

ਬਦਲਾਵਾਂ ਨੇ ਵਿਸ਼ਵ ਦੇ ਹਰ ਖਿੱਤੇ ਦੇ ਲੋਕ-ਮਾਨਸ ਦੇ ਨਾਲ-ਨਾਲ ਪੰਜਾਬੀ ਲੋਕ-ਮਾਨਸ ਦੀ ਮਨੋ-ਸਥਿਤੀ ਨੂੰ ਵੀ ਬਦਲਿਆ ਹੈ, ਜਿਸ ਦੇ ਪ੍ਰਤੀਫ਼ਲ ਵਲੋਂ ਪੰਜਾਬੀ ਸਭਿਆਚਾਰ ਅਤੇ ਲੋਕਧਾਰਾ ਦਾ ਹਰ ਵਰਤਾਰਾ ਆਪਣੇ ਵਿਰਾਸਤੀ ਧੁਰੇ ਤੋਂ ਕੁਝ ਖਿਸਕਿਆ ਹੋਇਆ ਨਜ਼ਰ ਆ ਰਿਹਾ ਹੈ। ਇਸ ਬਦਲਾਅ ਨਾਲ ਪੰਜਾਬੀ ਲੋਕ-ਮਾਨਸ ਦੇ ਰਹਿਣ-ਸਹਿਣ, ਗੀਤਾਂ-ਰਸਮਾਂ, ਖਾਣ-ਪੀਣ, ਪਹਿਨਣ-ਪਚਰਣ, ਮਨੋਰੰਜਨ, ਵਿਸ਼ਵਾਸਾਂ, ਕਦਰਾਂ-ਕੀਮਤਾਂ ਆਦਿ ਵਿੱਚ ਬੇਤਹਾਸ਼ਾ ਬਦਲਾਅ ਆਏ ਹਨ। ਪੰਜਾਬੀ ਜੀਵਨ ਵਿੱਚੋਂ ਸਾਦਾ ਰਹਿਣ-ਸਹਿਣ, ਖਾਣ-ਪੀਣ, ਪਹਿਰਾਵਾ, ਲੋਕ-ਕਿੱਤੇ, ਲੋਕ-ਗੀਤ, ਲੋਕ-ਖੇਡਾਂ, ਲੋਕ-ਗਹਿਣੇ, ਲੋਕ-ਵਿਸ਼ਵਾਸ, ਸਾਂਝੀਵਾਲਤਾ ਆਦਿ ਲੋਪ ਹੋ ਗਏ ਹਨ। ਟੈਲੀਵਿਜ਼ਨ, ਫ਼ਿਲਮਾਂ ਤੇ ਸ਼ੋਸ਼ਲ ਮੀਡੀਆ ਦੇ ਵਿਭਿੰਨ ਮਾਧਿਅਮਾਂ ਨੇ ਬੇਸ਼ੱਕ ਪੰਜਾਬੀ ਵਿਰਾਸਤੀ ਪਹਿਰਾਵਿਆਂ, ਖਾਣਿਆਂ, ਆਦਰਸ਼ਾਂ, ਲੋਕ-ਧੁਨਾਂ, ਲੋਕ-ਨਾਚਾਂ ਤੇ ਲੋਕ-ਕਲਾਵਾਂ ਆਦਿ ਨੂੰ ਵਿਸ਼ਵੀ ਪਛਾਣ ਦਿੱਤੀ ਹੈ ਪ੍ਰੰਤੂ ਇਨ੍ਹਾਂ ਸਾਧਨਾਂ ਜ਼ਰੀਏ ਪਰੋਸੇ ਜਾ ਰਹੇ ਪੂੰਜੀਵਾਦੀ ਵਿਕਸਿਤ ਮੁਲਕਾਂ ਦੇ ਖ਼ਪਤਵਾਦੀ ਸਭਿਆਚਾਰ ਅਤੇ ਲੋਕਧਾਰਾ ਦੇ ਰੰਗ ਵਿੱਚ ਰੰਗੇ ਪੌਪ-ਸੰਗੀਤ ਤੇ ਡਿਸਕੋ-ਡਾਂਸ ਵਿਚਲੀ ਲੱਚਰਤਾ ਤੇ ਹਥਿਆਰਾਂ ਦੀ ਮਾਰਧਾੜ ਨੇ ਪੰਜਾਬੀ ਜਨ-ਮਾਨਸ ਵਿੱਚ ਪਦਾਰਥਕ ਸੁਖਾਂ ਅਤੇ ਦੇਹੀ-ਰੁਚੀਆਂ ਨੂੰ ਬੇਤਹਾਸ਼ਾ ਵਧਾ ਦਿੱਤਾ ਹੈ। ਅਜਿਹੀਆਂ ਚੁਣੌਤੀਪੂਰਨ ਸਥਿਤੀਆਂ/ਪ੍ਰਸਥਿਤੀਆਂ ਵਿੱਚ ਪੰਜਾਬੀ ਜਨ-ਮਾਨਸ ਲਈ ਆਪਣੀ ਵਿਲੱਖਣ ਲੋਕਧਾਰਾਈ ਪਛਾਣ ਨੂੰ ਸਮੇਂ ਦੀ ਹਾਣੀ ਬਣਾ ਕੇ ਰੱਖਣਾ ਅਤੇ ਇਸ ਦੇ ਆਂਤਰਿਕ ਵਿਰਾਸਤੀ ਵਿਵੇਕ ਨੂੰ ਬਚਾਈ ਰੱਖਣਾ ਚੁਣੌਤੀਪੂਰਨ ਕਾਰਜ ਬਣ ਗਿਆ।

## ਹਵਾਲੇ ਅਤੇ ਟਿੱਪਣੀਆਂ


1. ਭੁਪਿੰਦਰ ਸਿੰਘ ਖਹਿਰਾ, ਲੋਕਧਾਰਾ ਭਾਸ਼ਾ ਅਤੇ ਸਭਿਆਚਾਰ, ਆਦਿਕਾ
2. ਜਸਵਿੰਦਰ ਸਿੰਘ, ਖੋਜ ਪੱਤ੍ਰਿਕਾ, ਅੰਕ-61, ਪੰਨਾ 65
3. ਹਰਜਿੰਦਰ ਸਿੰਘ, 'ਗਲੋਬਲੀ ਪਰਿਪੇਖ ਵਿੱਚ ਪੰਜਾਬੀ ਸੱਭਿਆਚਾਰ ਦਾ ਬਦਲਦਾ ਮੁਹਾਂਦਰਾ', ਡਾ. ਹਰਦਿਲਜੀਤ ਸਿੰਘ ਗੋਸਲ (ਸੰਪਾ), ਪੰਜਾਬੀ ਸੱਭਿਆਚਾਰ ਤੇ ਸਾਹਿਤ ਦੇ ਸੰਚਾਰ ਮਾਧਿਅਮ: ਗਲੋਬਲੀ ਪਰਿਪੇਖ, ਪੰਨਾ 40
4. ਡਾ. ਕੁਲਵਿੰਦਰ ਕੌਰ ਛੀਨਾ, ਪੰਜਾਬੀ ਯੂਨੀਵਰਸਿਟੀ ਸੱਭਿਆਚਾਰ ਪੱਤ੍ਰਿਕਾ, ਅੰਕ-13, ਪੰਨਾ 40
5. ਭੁਪਿੰਦਰ ਸਿੰਘ ਖਹਿਰਾ, ਲੋਕਧਾਰਾ-ਭਾਸ਼ਾ ਤੇ ਸੱਭਿਆਚਾਰ, ਪੰਨਾ 245
6. ਹਰਜਿੰਦਰ ਸਿੰਘ, ਉਹੀ, ਪੰਨਾ 42
7. ਡਾ ਗੁਰਮੀਤ ਸਿੰਘ, ਲੋਕਧਾਰਾ ਪਰੰਪਰਾ ਤੇ ਆਧੁਨਿਕਤਾ, ਪੰਨਾ 44
8. ਡਾ ਕਰਨੈਲ ਸਿੰਘ ਥਿੰਦ, ਪੰਜਾਬ ਦਾ ਲੋਕ ਵਿਰਸਾ (ਭਾਗ ਦੂਜਾ), ਪੰਨਾ 14